ਪੰਜਾਬ ਸਕੂਲ ਸਿੱਖਿਆ ਬੋਰਡ

(ਓਪਨ ਸਕੂਲ)

ਵੱਲ.

ਪ੍ਰਿੰਸੀਪਲ/ਮੁੱਖ ਅਧਿਆਪਕ/ਮੁੱਖ ਅਧਿਆਪਕਾ
ਸਮੂਹ ਐਫੀਲੀਏਟਿਡ/ਐਸੋਸੀਏਟਿਡ ਸੰਸਥਾਵਾਂ
ਪੰਜਾਬ।

E(214955) ਪਸਸਬ-ਓ.ਸ-2025/.........63........ਮਿਤੀ.....18—02—2025

ਵਿਸ਼ਾ- ਓਪਨ ਸਕੂਲ ਪ੍ਰਨਾਲੀ ਅਧੀਨ ਨਵੀ ਪਾਲਿਸੀ ਅਨੁਸਾਰ ਦਸਵੀਂ/ਬਾਰ੍ਹਵੀਂ ਸ਼੍ਰੇਣੀ (ਬਲਾਕ-2) ਲਈ ਵਿਦਿਆਰਥੀਆ ਦੀ ਪੂਰੇ ਵਿਸ਼ਿਆਂ ਦੀ ਪ੍ਰੀਖਿਆ ਸਾਲ ਵਿੱਚ ਦੋ ਵਾਰ ਭਾਵ(ਫਰਵਰੀ/ਮਾਰਚ)ਮਹੀਨੇ ਦੇ ਨਾਲ ਨਾਲ ਜੁਲਾਈ/ਅਗਸਤ 2025 ਤੋਂ ਸ਼ੁਰੂ ਕਰਨ ਸਬੰਧੀ।

ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਚਲਦੀ ਪ੍ਰਥਾ ਅਨੁਸਾਰ ਓਪਨ ਸਕੂਲ ਪ੍ਰਨਾਲੀ ਅਧੀਨ ਵਿਦਿਆਰਥੀਆ ਦੀ ਪੂਰੇ ਵਿਸ਼ਿਆਂ ਦੀ ਪ੍ਰੀਖਿਆ ਰੈਗੂਲਰ ਵਿਦਿਆਰਥੀਆਂ ਦੀ ਸਲਾਨਾ ਪ੍ਰੀਖਿਆ ਫਰਵਰੀ/ਮਾਰਚ ਮਹੀਨੇ ਵਿੱਚ ਲਈ ਜਾ ਰਹੀ ਹੈ। ਵਿਦਿਆਰਥੀਆਂ ਨੂੰ ਪੜ੍ਹਾਈ ਦੇ ਹੋਰ ਵਧੇਰੇ ਮੌਕੇ ਉਪਲੱਬਧ ਕਰਵਾਉਣ ਦੇ ਮੰਤਵ ਨਾਲ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਪੂਰੇ ਵਿਸ਼ਿਆਂ ਦੀ ਪ੍ਰੀਖਿਆ ਸਾਲ ਵਿੱਚ ਦੋ ਵਾਰ ਕਰਵਾਉਣ ਦਾ ਨਿਰਣਾ ਲਿਆ ਗਿਆ ਹੈ। ਇਸ ਪਾਲਿਸੀ ਤਹਿਤ ਵਿਦਿਆਰਥੀ ਫਰਵਰੀ/ਮਾਰਚ ਮਹੀਨੇ ਦੇ ਨਾਲ ਨਾਲ ਜੁਲਾਈ/ਅਗਸਤ ਮਹੀਨੈ ਵਿੱਚ ਵੀ ਪੂਰੇ ਵਿਸ਼ਿਆਂ ਦੀ ਪ੍ਰੀਖਿਆ ਦੇ ਸਕਣਗੇ।

ਓਪਨ ਸਕੂਲ ਪ੍ਰਨਾਲੀ ਅਧੀਨ ਦਸਵੀਂ/ਬਾਰ੍ਹਵੀਂ ਸ਼੍ਰੇਣੀ (ਬਲਾਕ-2) ਜੁਲਾਈ/ਅਗਸਤ 2025 ਲਈ ਬੋਰਡ ਦੀ ਵੈਬ-ਸਾਈਟ www.pseb.ac.in ਤੇ ਆਨਲਾਈਨ ਦਾਖਲਾ ਪੋਰਟਲ 01 ਜਨਵਰੀ 2025 ਤੋਂ ਸ਼ੁਰੂ ਹੋ ਗਿਆ ਹੈ। ਜਿਸ ਸਬੰਧੀ ਸਮੂਹ ਐਫੀਲੀਏਟਿਡ ਸਕੂਲ ਨੂੰ ਵਿਦਿਆਰਥੀਆਂ ਨੂੰ ਦਾਖਲਾ ਲੈਣ ਲਈ ਵੱਧ ਤੋਂ ਵੱਧ ਪ੍ਰਰਿਤ ਕੀਤਾ ਜਾਵੇ।

18.02.25

ਉੱਪ ਸਕੱਤਰ (ਪੰਜਾਬੀ ਵਿਕਾਸ ਅਤੇ ਅਕਾਦਮਿਕ)
ਪੰਜਾਬ ਸਕੂਲ ਸਿੱਖਿਆ ਬੋਰਡ।

Scanned with CamScanner